ਪੇਂਡੂ ਖੇਡਾਂ ਦਾ ਮਾਣ-ਪੰਜਾਬ ਦੇ ਅਮੀਰ ਖੇਡ ਮੇਲੇ

ਕਬੱਡੀ ਨੂੰ ਉਲੰਪਿਕ ਖੇਡਾਂ ਵਰਗਾ ਮਾਣ ਮਿਲਦਾ ਦੇਖਣਾ ਚਾਹੁੰਦੇ ਹਾਂ-ਤੇਜਿੰਦਰ ਸਿੰਘ ਨਿੱਝਰ

ਮਲਕੀਤ ਸਿੰਘ ਬਰਾੜ/ਰਾਜ ਮਜ਼ਾਰੀ/ਹਰਪ੍ਰੀਤ ਸਿੰਘ ਲੇਹਿਲ

ਜਲੰਧਰ, 17 ਫਰਵਰੀ -ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਕਪੂਰਥਲਾ ਵੱਲੋਂ ਪੰਜਾਬ ਦੀ ਮਾਂ ਖੇਡ ਕਬੱਡੀ ਨੂੰ ਕੌਮਾਂਤਰੀ ਪੱਧਰ 'ਤੇ ਉਲੰਪਿਕ ਖੇਡਾਂ ਵਾਲਾ ਮਾਣ ਦਿਵਾਉਣ ਲਈ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਅਣਥੱਕ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਇਸ ਸੰਬੰਧ ਵਿੱਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ (ਰਜਿ.) ਕਪੂਰਥਲਾ ਦੇ ਪ੍ਰਧਾਨ ਸ੍ਰ. ਤੇਜਿੰਦਰ ਸਿੰਘ ਨਿੱਝਰ ਹੁਰਾਂ ਵੱਲੋਂ ਕਲੱਬ ਦੇ ਚੇਅਰਮੈਨ ਸ੍ਰ. ਗੁਰਦਿਆਲ ਸਿੰਘ ਪੱਡਾ, ਸ੍ਰ. ਗੁਰਬਖਸ਼ ਸਿੰਘ ਨਿੱਝਰ (ਯੂ.ਐੱਸ.ਏ.). ਮੁੱਖ ਸਰਪ੍ਰਸਤ ਸੁਖਵਿੰਦਰ ਸਿੰਘ ਨੇਕੀ, ਬਲਜੀਤ ਸਿੰਘ ਪੱਡਾ ਨਾਰਵੇ, ਸੀਨੀਅਰ ਉੱਪ ਪ੍ਰਧਾਨ ਜਸਵੀਰ ਮੰਗੀ, ਸੀਨੀਅਰ ਉੱਪ ਪ੍ਰਧਾਨ ਗੁਰਮੀਤ ਦਿੱਲੀ, ਮੀਤ ਪ੍ਰਧਾਨ ਬਲਜੀਤ ਬੱਲ ਵਿਰਕ, ਪਵਿੱਤਰ ਪਿੱਤਾ ਅਤੇ ਹੋਰ ਸੀਨੀਅਰ ਸਰਗਰਮ ਮੈਂਬਰਾਂ ਦੇ ਇਲਾਵਾ ਬੰਕਾ ਮਨਸੂਰਵਾਲ ਬੇਟ, ਹਰਪ੍ਰੀਤ ਰੂਬੀ ਟਿੱਬਾ, ਪ੍ਰੈੱਸ ਸਕੱਤਰ ਦੇਵ ਖੇੜਾ, ਮੀਤ ਪ੍ਰਧਾਨ ਕਾਲਾ ਖਾਨੋਵਾਲ, ਜੱਸਾ ਭੰਡਾਲ ਦੋਨਾ ਟੀਮ ਕੋਚ ਦੇ ਇਲਾਵਾ ਹੋਰ ਅਣਗਿਣਤ ਖੇਡ ਪ੍ਰੇਮੀਆਂ ਦੇ ਸਹਿਯੋਗ ਨਾਲ ਕਬੱਡੀ ਖੇਡ ਮੁਕਾਬਲਿਆਂ ਨੂੰ ਜੋ ਅਮੀਰੀ ਪ੍ਰਦਾਨ ਕੀਤੀ ਹੈ, ਉਸ ਦਾ ਅਸਰ ਅੱਜ ਪੰਜਾਬ ਦੇ ਪਿੰਡ-ਪਿੰਡ ਹੋਣ ਵਾਲੇ ਕਬੱਡੀ ਮੁਕਾਬਲਿਆਂ ਦੇ ਆਯੋਜਿਤ ਹੁੰਦੇ ਖੇਡ ਮੇਲਿਆਂ ਦੇ ਰੂਪ ਵਿੱਚ ਵੇਖਿਆ ਜਾ ਸਕਦਾ ਹੈ। ਇਨ੍ਹਾਂ ਖੇਡ ਪ੍ਰੇਮੀਆਂ ਦਾ ਸੁਪਨਾ ਹੈ ਕਿ ਇੱਕ ਦਿਨ ਅਜਿਹਾ ਜ਼ਰੂਰ ਆਵੇਗਾ, ਜਦ ਕਬੱਡੀ ਖੇਡ ਅਤੇ ਖਿਡਾਰੀਆਂ ਲਈ ਵੀ ਕ੍ਰਿਕਟ ਵਰਗੀਆਂ ਅਤਿ ਮਹਿੰਗੀਆਂ ਖੇਡਾਂ ਦੀ ਤਰ੍ਹਾਂ ਸਰਕਾਰੀ ਅਤੇ ਨਿੱਜੀ ਖੇਤਰ ਵਿੱਚੋਂ ਪਾਣੀ ਵਾਂਗ ਪੈਸਾ ਵਹਾਉਣ ਵਾਲੇ ਉੱਦਮ ਹੋਇਆ ਕਰਨਗੇ। ਕਬੱਡੀ ਨੂੰ ਕੌਮਾਂਤਰੀ ਪੱਧਰ 'ਤੇ ਉਲੰਪਿਕ ਖੇਡਾਂ ਵਾਲਾ ਦਰਜਾ ਦਿਵਾਉਣ ਲਈ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਕਲੱਬ ਕਪੂਰਥਲਾ ਹੋਰ ਵੱਖ-ਵੱਖ ਕਬੱਡੀ ਖੇਡ ਕਲੱਬਾਂ ਨਾਲ ਮਿਲ ਕੇ ਯਤਨ ਕਰ ਰਹੀ ਹੈ। ਇਸ ਸੰਬੰਧ ਵਿੱਚ ਸ੍ਰ. ਤਜਿੰਦਰ ਸਿੰਘ ਨਿੱਝਰ ਹੁਰਾਂ ਨੇ ਦੱਸਿਆ ਕਿ ਕਬੱਡੀ ਖੇਡ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਲਈ ਇਸ ਕਲੱਬ ਵੱਲੋਂ ਹਰੇਕ ਸਾਲ ਮੁੱਖ ਜੇਤੂ ਟੀਮ ਨੂੰ ਸਭ ਤੋਂ ਵੱਡਾ ਪਹਿਲਾ ਨਗਦ ਇਨਾਮ 2 ਲੱਖ 51 ਹਜ਼ਾਰ ਰੁਪਏ ਅਤੇ ਦੂਜਾ ਇਨਾਮ 2 ਲੱਖ 11 ਹਜ਼ਾਰ ਰੁਪਏ ਪ੍ਰਦਾਨ ਕੀਤਾ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਇਸ ਵਾਰ ਦਾ ਛੇਵਾਂ ਕਬੱਡੀ ਗੋਲਡ ਕੱਪ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਜਨਮ ਸ਼ਤਾਬਦੀ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ। ਇਹ ਕਬੱਡੀ ਗੋਲਡ ਕੱਪ 23 ਫਰਵਰੀ ਦਿਨ ਮੰਗਲਵਾਰ ਨੂੰ ਕਪੂਰਥਲਾ ਦੇ ਗੁਰੂ ਨਾਨਕ ਸਟੇਡੀਅਮ ਵਿੱਚ ਆਯੋਜਿਤ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਹਿਲੇ 2 ਲੱਖ 51 ਹਜ਼ਾਰ ਰੁਪਏ ਦੇ ਇਨਾਮ

ਨੂੰ ਸੁਰਜੀਤ ਸਿੰਘ ਵਿਰਕ, ਮੁਖਤਿਆਰ ਸਿੰਘ ਪੱਡਾ, ਕਰਮਜੀਤ ਪੱਡਾ ਅਤੇ ਕਸ਼ਮੀਰ ਸਿੰਘ ਬੋਪਾਰਾਏ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਜਦੋਂ ਕਿ ਦੂਜਾ ਇਨਾਮ 2 ਲੱਖ 11 ਹਜ਼ਾਰ ਰੁਪਏ ਫੈਬ-ਏਕੜਸ, ਮਾਡਨ ਟਾਊਨ ਜਲੰਧਰ ਦੇ ਪ੍ਰਬੰਧਕ ਉਨ੍ਹਾਂ (ਸ੍ਰ. ਤੇਜਿੰਦਰ ਸਿੰਘ ਨਿੱਝਰ), ਸੁਖਜੀਵਨ ਸਿੰਘ ਲਾਧੜਾ, ਦਲਜੀਤ ਸਿੰਘ ਗੋਲਡੀ, ਮਨਦੀਪ ਸਿੰਘ ਲਾਲੀ ਆਦਿ ਵੱਲੋਂ ਸਪਾਂਸਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਅੰਤਰ-ਰਾਸ਼ਟਰੀ ਖਿਡਾਰੀ ਸੁੱਖੀ ਲੱਖਣਕੇ ਪੱਡਾ ਨੂੰ ਇਨੋਵਾ ਗੱਡੀ ਨਾਲ ਅਤੇ ਅੰਤਰ-ਰਾਸ਼ਟਰੀ ਕਬੱਡੀ ਖਿਡਾਰੀ ਕੁਲਵਰਨ ਸਿੰਘ ਮਾਣਾ ਰਾਮਪੁਰ ਨੂੰ ਸਕਾਰਪੀਓ ਗੱਡੀ ਨਾਲ ਸਨਮਾਨਿਤ ਕੀਤਾ ਜਾਵੇਗਾ। ਕਬੱਡੀ ਕਲੱਬ ਨਾਰਵੇ ਟੀਮ ਦੇ ਖਿਡਾਰੀ ਤਾਊ ਤੁੱਗਾਵਾਲ, ਸਿਕੰਦਰ ਕਾਜਲੀ, ਅਮਨ ਪੱਤੜ, ਜੱਗਾ ਫਿਆਲੀ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲਾਂ ਵੀ ਹਰੇਕ ਸਾਲ ਵਧੀਆ ਕਬੱਡੀ ਖਿਡਾਰੀਆਂ ਨੂੰ ਕਲੱਬ ਵੱਲੋਂ ਮਹਿੰਗੀਆਂ ਗੱਡੀਆਂ ਨਾਲ ਸਨਮਾਨਿਤ ਕੀਤਾ ਜਾਂਦਾ ਰਿਹਾ ਹੈ। ਇਸ ਕਬੱਡੀ ਖੇਡ ਮੇਲੇ ਵਿੱਚ ਇਸ ਵਾਰ ਸ਼ਹੀਦ ਬਾਬਾ ਦੀਪ ਸਿੰਘ ਕਬੱਡੀ ਕਲੱਬ ਨਾਰਵੇ, ਦਸਮੇਸ਼ ਕਬੱਡੀ ਕਲੱਬ ਨਕੋਦਰ, ਗੋਬਿੰਦ ਸਿੰਘ ਅਕੈਡਮੀ ਕੋਟਲੀਥਾਨ ਸਿੰਘ, ਬਾਬਾ ਲੋਧੀਆਣਾ ਕਬੱਡੀ ਅਕੈਡਮੀ ਪਰਸਰਾਮਪੁਰ, ਸ਼ਹੀਦ ਬਚਨ ਸਿੰਘ ਕਬੱਡੀ ਅਕੈਡਮੀ ਦਿੜ੍ਹਬਾ, ਪੰਜਾਬ ਰਾਜ ਬਿਜਲੀ ਬੋਰਡ, ਸ਼ੇਰੇ ਪੰਜਾਬ ਅਕੈਡਮੀ ਕੈਲੇਫੋਨੀਆ, ਬਾਬਾ ਮਹਿੰਦਰ ਸਿੰਘ ਕਬੱਡੀ ਕਲੱਬ ਲਿਤਰਾਂ ਦੀਆਂ ਟੀਮਾਂ ਵਿਚਾਲੇ ਫਸਵੇਂ ਮੁਕਾਬਲੇ ਹੋਣਗੇ। ਇਸ ਦੌਰਾਨ ਦਰਸ਼ਕਾਂ ਦੇ ਮਨੋਰੰਜਨ ਲਈ ਉਘੇ ਲੋਕ ਗਾਇਕ ਬੱਬੂ ਮਾਨ ਦਾ ਖੁੱਲ੍ਹਾ ਅਖਾੜਾ ਵੀ ਲਗਾਇਆ ਜਾਵੇਗਾ।

ਸਰਕਾਰ ਸਹਿਯੋਗ ਦੇਵੇ ਤਾਂ ਹਰ ਪੇਂਡੂ ਖੇਡ ਨੂੰ ਕੌਮਾਂਤਰੀ ਖੇਡ ਬਣਾ ਦੇਈਏ-ਗੁਰਜੀਤ ਸਿੰਘ ਪੁਰੇਵਾਲ

ਕਬੱਡੀ, ਕੁਸ਼ਤੀਆਂ, ਬਲਦਾਂ ਦੀਆਂ ਦੌੜਾਂ, ਗੱਡੀਆਂ ਦੀਆਂ ਦੌੜਾਂ, ਕੁੱਤਿਆਂ ਦੀਆਂ ਦੌੜਾਂ, ਰੱਸਾਕਸ਼ੀ ਅਤੇ ਘੋੜ ਦੌੜ ਦੇ ਇਲਾਵਾ ਐਥਲੈਟਿਕਸ ਦੇ ਖੇਡ ਮੁਕਾਬਲੇ ਕਰਵਾਉਂਦਿਆਂ ਹਰ ਜੇਤੂ ਟੀਮ ਅਤੇ ਖਿਡਾਰੀਆਂ ਨੂੰ ਵੱਖ-ਵੱਖ ਖੇਡਾਂ ਵਿੱਚ ਲੱਖਾਂ ਰੁਪਏ ਦੇ ਇਨਾਮਾਂ ਨਾਲ ਸਨਮਾਨਿਤ ਕਰਨ ਲਈ ਅੰਤਰ-ਰਾਸ਼ਟਰੀ ਕਬੱਡੀ ਅਤੇ ਕੁਸ਼ਤੀ ਖਿਡਾਰੀ ਪੁਰੇਵਾਲ ਭਰਾਵਾਂ ਵੱਲੋਂ ਹਕੀਮਪੁਰ ਨੇੜੇ ਮੁਕੰਮਦਪੁਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਦੇਸੀ ਖੇਡਾਂ ਦੇ ਮਿੰਨੀ ਓਲਿੰਪਕਸ ਦੇ ਰੂਪ ਵਿੱਚ ਸ੍ਰ. ਹਰਬੰਸ ਸਿੰਘ ਪੁਰੇਵਾਲ ਯਾਦਗਾਰੀ ਕਰਵਾਇਆ ਜਾਂਦਾ ਖੇਡ ਮੇਲਾ ਵੀ ਕਬੱਡੀ ਖੇਡ ਅਤੇ ਹੋਰ ਪੇਂਡੂ ਖੇਡਾਂ ਨੂੰ ਵਿਸ਼ੇਸ਼ ਤੌਰ 'ਤੇ ਉਤਸ਼ਾਹਿਤ ਕਰ ਰਿਹਾ ਹੈ। ਇਸ ਵਾਰ ਦਾ ਇਹ 20ਵਾਂ ਖੇਡ ਮੇਲਾ 21 ਅਤੇ 22 ਫਰਵਰੀ ਨੂੰ ਕਰਵਾਇਆ ਜਾ ਰਿਹਾ ਹੈ। ਇਸ ਖੇਡ ਮੇਲੇ ਦਾ ਸਮੁੱਚਾ ਪ੍ਰਬੰਧ ਸਵਰਗੀ ਸ੍ਰ. ਹਰਬੰਸ ਸਿੰਘ ਪੁਰੇਵਾਲ ਜੋ ਆਪਣੇ ਜ਼ਮਾਨ ਦੇ ਮਹਾਨ ਖਿਡਾਰੀ ਰਹੇ ਹਨ, ਦੇ ਹੋਣਹਾਰ ਸਪੁੱਤਰ ਸ੍ਰ. ਗੁਰਜੀਤ ਸਿੰਘ ਪੁਰੇਵਾਲ ਅਤੇ ਸਮੁੱਚੇ ਪਰਿਵਾਰ ਵੱਲੋਂ ਖੁੱਲ੍ਹੇ ਦਿਲ ਨਾਲ ਕੀਤਾ ਜਾਂਦਾ ਹੈ। ਇਸ ਖੇਡ ਮੇਲੇ ਸੰਬੰਧੀ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਇਸ ਸੰਬੰਧ ਵਿੱਚ 21 ਅਤੇ 22 ਫਰਵਰੀ ਨੂੰ ਹਕੀਮਪੁਰ ਵਿਖੇ ਕਰਵਾਏ ਜਾ ਰਹੇ ਹਨ 20ਵੇਂ ਖੇਡ ਮੇਲੇ ਸੰਬੰਧੀ ਪੋਸਟਰ ਜਾਰੀ ਕੀਤਾ ਗਿਆ। ਇਸ ਪੋਸਟਰ ਨੂੰ ਰਿਲੀਜ਼ ਕਰਦਿਆਂ ਪ੍ਰਬੰਧਕ ਸ੍ਰ. ਗੁਰਜੀਤ ਸਿੰਘ ਪੁਰੇਵਾਲ ਨੇ ਦੱਸਿਆ ਕਿ ਮੇਲੇ ਦੌਰਾਨ ਹਲਟ ਦੌੜ, ਗੱਡੀਆਂ ਦੀ ਦੌੜ, ਕੁੱਤਿਆਂ ਦੀ ਦੌੜ, ਰੱਸਾਕਸ਼ੀ ਅਤੇ ਘੋੜ ਦੌੜ ਅਤੇ ਐਥਟਿਕਸ ਮੁਕਾਬਲਿਆਂ ਦਾ ਦਰਸ਼ਕ ਆਨੰਦ ਮਾਣ ਸਕਣਗੇ। ਇਸ ਤੋਂ ਇਲਾਵਾ ਪੁਰੇਵਾਲ ਅੰਤਰ ਰਾਸ਼ਟਰੀ

ਕਲੱਡੀ ਕੱਪ ਦੌਰਾਨ ਦੋਹਾਂ ਫੈਡਰੇਸ਼ਨਾਂ ਦੀਆਂ ਚੋਟੀ ਦੀਆਂ 8-8 ਟੀਮਾਂ ਭਾਗ ਲੈਣਗੀਆਂ। ਇਸ ਮੁਕਾਬਲੇ ਵਿੱਚ ਜੇਤੂ ਟੀਮ ਨੂੰ 1 ਲੱਖ 51 ਹਜ਼ਾਰ ਰੁਪਏ ਅਤੇ ਉਪ ਜੇਤੂ ਟੀਮ ਨੂੰ 1 ਲੱਖ ਨਗਦ ਇਨਾਮ ਵਜੋਂ ਦਿੱਤੇ ਜਾਣਗੇ। ਇਸੇ ਤਰ੍ਹਾਂ ਮਰਦਾਂ ਅਤੇ ਔਰਤ ਵਰਗ ਦੇ ਵੱਖ-ਵੱਖ ਟਾਈਟਲ ਲਈ ਕੁਸ਼ਤੀ ਮੁਕਾਬਲੇ ਵੀ ਕਰਵਾਏ ਜਾਣਗੇ। ਮਹਾਂਭਾਰਤ ਕੇਸਰੀ ਕੁਸ਼ਤੀ ਮੁਕਾਬਲੇ ਦੇ ਜੇਤੂ ਪਹਿਲਵਾਨ ਨੂੰ ਇੱਕ ਲੱਖ ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਨਾਮਾਂ ਦੀ ਵੰਡ 22 ਫਰਵਰੀ ਨੂੰ ਸ੍ਰ. ਸੁਖਬੀਰ ਸਿੰਘ ਬਾਦਲ ਉੱਪ ਮੁੱਖ ਮੰਤਰੀ ਪੰਜਾਬ ਕਰਨਗੇ। ਇਸ ਮੌਕੇ ਅਵਤਾਰ ਸਿੰਘ, ਸੁਰੇਸ਼ ਮਾਨ, ਕੁਲਤਾਰ ਸਿੰਘ, ਬਲਕਾਰ ਸਿੰਘ, ਰਣਵੀਰ ਸਿੰਘ, ਗੁਰਦੀਪ ਸਿਘ ਬੈਂਸ, ਸੁਲੱਖਣ ਸਿੰਘ, ਜਸਵਿੰਦਰ ਸਿੰਘ ਅਤੇ ਪ੍ਰਦੀਪ ਸਿੰਘ ਸੋਨੂ ਆਦਿ ਹਾਜ਼ਰ ਸਨ। ਇਸ ਮੌਕੇ ਅੱਜ ਦੀ ਅਵਾਜ਼ ਨਾਲ ਗੱਲਬਾਤ ਕਰਦਿਆਂ ਸ੍ਰ. ਗੁਰਜੀਤ ਸਿੰਘ ਪੁਰੇਵਾਲ ਨੇ ਕਿਹਾ ਕਿ ਪੰਜਾਬ ਦੀਆਂ ਮਾਣ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਉਹ ਜਿੰਨਾ ਹੁਣ ਬੱਜਟ ਖਰਚ ਕਰਦੇ ਹਨ, ਇਸ ਤੋਂ ਕਈ ਗੁਣਾ ਹੋਰ ਵੀ ਖਰਚ ਕਰ ਸਕਦੇ ਹਨ, ਜੇਕਰ ਇਸ ਮਾਮਲੇ ਵਿੱਚ ਪੰਜਾਬ ਸਰਕਾਰ ਬਣਦਾ ਸਹਿਯੋਗ ਦੇਣ ਲਈ ਤਿਆਰ ਹੋਵੇ। ਉਨ੍ਹਾਂ ਕਿਹਾ ਕਿ ਅਸੀਂ ਪੇਂਡੂ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਪੇਂਡੂ ਖੇਡ ਅਕੈਡਮੀ ਦਾ ਸਾਰਾ ਖਰਚਾ ਚੁੱਕਣ ਲਈ ਤਿਆਰ ਹਾਂ। ਸਿਰਫ ਸਰਕਾਰ ਵੱਲੋਂ ਮਾਨਤਾ ਦੀ ਲੋੜ ਹੈ। ਇਸ ਖੇਡ ਅਕੇਡਮੀ ਵਿੱਚ ਸਾਰੀਆਂ ਪੇਂਡੂ ਖੇਡਾਂ ਦੀ ਸਿਖਲਾਈ ਦੇਣ ਲਈ ਉਚਿਤ ਪ੍ਰਬੰਧ ਕੀਤੇ ਜਾਣਗੇ ਅਤੇ ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਅ ਕੇ ਖੇਡਾਂ ਵਿੱਚ ਲਗਾਉਣ ਨਾਲ ਪੰਜਾਬ ਦੀ ਬਹੁਪੱਖੀ ਖੁਸ਼ਹਾਲੀ ਵਿੱਚ ਵਾਧਾ ਹੋਵੇਗਾ।

ਡਾਂਸ ਤੇ ਪੇਂਟਿੰਗ ਦੀ ਸ਼ੌਕੀਨ

ਰਮਨਪ੍ਰੀਤ ਕੌਰ

ਕਰਨੈਲ ਸਿੰਘ ਐਮ.ਏ.

ਡਾਂਸ ਤੇ ਪੇਂਟਿੰਗ ਦਾ ਸ਼ੌਕ ਹਰ ਕਿਸੇ ਨੂੰ ਨਹੀਂ ਹੁੰਦਾ। ਇਹ ਸ਼ੌਕ ਜੋ ਪਾਲ ਲੈਂਦਾ ਹੈ, ਉਹ ਕਦੇ ਨਾ ਕਦੇ ਉੱਚ ਮੁਕਾਮ 'ਤੇ ਪਹੁੰਚ ਜਾਂਦਾ ਹੈ। ਡਾਂਸ ਕਰਨਾ ਇੱਕ ਅਦਾ ਹੈ, ਪੇਂਟਿੰਗ ਕਰਨੀ ਇੱਕ ਕਲਾ ਹੈ। ਰਮਨਪ੍ਰੀਤ ਕੌਰ ਨੂੰ ਡਾਂਸ ਤੇ ਪੇਂਟਿੰਗ ਕਰਨ ਦਾ ਬਹੁਤ ਸ਼ੌਕ ਹੈ। ਰਮਨਪ੍ਰੀਤ ਕੌਰ ਨੂੰ ਪਿਆਰ ਨਾਲ 'ਰਮਨ' ਕਹਿ ਕੇ ਬੁਲਾਇਆ ਜਾਂਦਾ ਹੈ। ਉਸ ਦਾ ਜਨਮ 1998 ਈ: ਨੂੰ ਕੋਟਕਪੂਰਾ ਵਿਖੇ ਹੋਇਆ। ਰਮਨ ਯੂ.ਐਸ.ਪੀ.ਸੀ. ਜੈਨ ਸਕੂਲ ਚੰਡੀਗੜ੍ਹ ਰੋਡ ਜਮਾਲਪੁਰ ਲੁਧਿਆਣਾ ਵਿਖੇ ਛੇਵੀਂ ਜਮਾਤ 'ਚ ਪੜ੍ਹ ਰਹੀ ਹੈ। ਰਮਨ ਨੂੰ ਡਾਂਸ ਕਰਨ ਦਾ ਬਚਪਨ ਤੋਂ ਹੀ ਸ਼ੌਕ ਸੀ। ਉਸ ਨੇ ਟੀ.ਵੀ. 'ਤੇ ਚੱਲ ਰਹੇ ਗੀਤਾਂ ਤੇ ਡਾਂਸ ਨੂੰ ਦੇਖ-ਦੇਖ ਕੇ ਹੀ ਸਟੈਪ ਰੱਖਣਾ ਸ਼ੁਰੂ ਕਰ ਦਿੱਤਾ ਸੀ। ਉਸ ਦੀ ਇਸ ਪਾਸੇ ਰੁਚੀ ਨੂੰ ਦੇਖ ਕੇ ਉਸ ਦੇ ਪਿਤਾ ਨੇ ਉਸ ਨੂੰ ਟਿਊਸ਼ਨ ਰਖਾ ਕੇ ਡਾਂਸ ਸਿਖਾਇਆ। ਸਕੂਲ ਵਿੱਚ ਹੋਏ ਸੱਭਿਆਚਾਰਕ ਸਮਾਗਮਾਂ ਵਿੱਚ ਵੀ ਵੱਧ ਚੜ੍ਹ ਕੇ ਭਾਗ ਲੈਂਦੀ ਹੈ। ਰਮਨ ਨੂੰ ਡਾਂਸ ਦੇ ਨਾਲ-ਨਾਲ ਪੇਂਟਿੰਗ ਦਾ ਵੀ ਸ਼ੌਕ ਹੈ। ਮੈਡਮ ਕਲਪਨਾ ਮਿਸ਼ਰਾ ਨੇ ਉਸ ਨੂੰ ਪੇਂਟਿੰਗ ਦੇ ਗੁਰ ਦੱਸੇ। ਉਹ ਵਿਹਲੇ ਸਮੇਂ ਵਿੱਚ ਕੋਈ ਨਾ ਕੋਈ ਪੇਂਟਿੰਗ ਕਰਦੀ ਰਹਿੰਦੀ ਹੈ।ਹ ਡਰਾਇੰਗ ਵਿਸ਼ੇ ਵਿੱਚ ਵੀ ਚੰਗੇ ਨੰਬਰ ਲੈਂਦੀ ਹੈ। ਉਸ ਦੀ ਪੇਂਟਿੰਗ ਦੀ ਖ਼ੂਬਸੂਰਤ ਤਸਵੀਰ ਇੱਕ ਪੰਜਾਬੀ ਅਖ਼ਬਾਰ ਵਿਚ ਵੀ ਛੱਪ ਚੁੱਕੀ ਹੈ। ਰਮਨ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਵੀ ਹਿੱਸਾ ਲੈ ਰਹੀ ਹੈ। ਉਹ ਹੈਂਡਬਾਲ ਟੀਮ ਵਿੱਚ ਵੀ ਭਾਗ ਲੈ ਚੁੱਕੀ ਹੈ। ਉਸ ਨੂੰ ਵੰਨ-ਸੁਵੰਨੇ ਕੱਪੜੇ ਪਹਿਨਣ ਤੇ ਵਾਲਾਂ ਦੇ ਲੰਮੇ ਹੋਣ ਕਰਕੇ ਵੱਖ-ਵੱਖ ਤਰ੍ਹਾਂ ਦੇ ਹੇਅਰ ਸਟਾਈਲ ਕਰਾਉਣ ਦਾ ਸ਼ੌਕ ਹੈ। ਉਸ ਨੂੰ ਖਾਣ-ਪੀਣ ਤੇ ਸੈਰ ਕਰਨ ਦਾ ਵੀ ਬੜਾ ਸ਼ੌਕ ਹੈ। ਉਸ ਦੀ ਇੱਛਾ ਹੈ ਕਿ ਮੈਂ ਕਿਸੇ ਟੀ.ਵੀ. ਚੈਨਲ 'ਤੇ ਡਾਂਸ ਦੇ ਮੁਕਾਬਲੇ ਵਿਚ ਭਾਗ ਲਵਾਂ ਤੇ ਇਨਾਮ ਪ੍ਰਾਪਤ ਕਰਕੇ ਪੰਜਾਬ ਦਾ ਨਾਂ ਰੌਸ਼ਨ ਕਰਾਂ, ਅਤੇ ਮੇਰੀ ਪੇਂਟਿੰਗ ਕਿਸੇ ਅਜਾਇਬ ਘਰ ਵਿੱਚ ਸਥਾਪਿਤ ਹੋਵੇ। ਸ਼ਾਲਾ! ਉਸ ਦੀ ਇਹ ਖਾਹਿਸ਼ (ਇੱਛਾ) ਪੂਰੀ ਹੋਵੇ।

ਸ਼ਾਹਿਦ ਕਪੂਰ ਨੂੰ ਹੈ ਸਾਦਗੀ ਪਸੰਦ

ਜੇਕਰ ਬਤੌਰ ਅਭਿਨੇਤਾ ਸ਼ਾਹਿਦ ਕਪੂਰ ਦਾ ਸਫ਼ਰ ਵਾਚਿਆ ਜਾਏ ਤਾਂ ਫ਼ਿਲਮ 'ਚਾਂਸ ਪੇ ਡਾਂਸ' ਉਸ ਦੀ ਅਸਲ ਜ਼ਿੰਦਗੀ ਨਾਲ ਕਾਫ਼ੀ ਮੇਲ ਖਾਂਦਾ ਹੈ। ਜਿਨ੍ਹਾਂ ਦਿਨਾਂ 'ਚ ਸ਼ਾਹਿਦ ਕੋਲ ਕਾਰ 'ਚ ਤੇਲ ਪਾਉਣ ਲਈ ਪੈਸੇ ਨਹੀਂ ਸਨ ਹੁੰਦੇ ਤੇ ਮਕਾਨ ਦਾ ਕਿਰਾਇਆ ਵੀ ਦੇਣਾ ਮੁਸ਼ਕਿਲ ਸੀ ਉਹ ਦਿਨ ਸ਼ਾਹਿਦ ਨੇ ਸੱਚ-ਮੁੱਚ ਚੇਤੇ ਰੱਖੇ ਹਨ। ਹੁਣ ਸ਼ਾਹਿਦ 'ਤੇ ਅੱਲਾ ਦੀ ਕਿਰਪਾ ਹੈ। ਗੱਲ ਡਾਂਸ ਦੀ ਤਾਂ ਮਾਈਕਲ ਜੈਕਸਨ ਉਸ ਦਾ ਆਦਰਸ਼ ਡਾਂਸਰ ਹੈ। ਨਵੇਂ ਲੋਕਾਂ 'ਚੋਂ ਰਿਤਿਕ ਰੌਸ਼ਨ, ਗੋਵਿੰਦਾ ਤੇ ਜਸਟਿਨ ਟਿੰਬਰ ਲੇਕ ਉਸ ਦੇ ਪਸੰਦੀਦਾ ਡਾਂਸਰ ਹਨ। ਸ਼ਾਹਿਦ ਆਖਦਾ ਹੈ ਕਿ ਕੇਨ ਘੋਸ਼ ਨਾਲ ਉਸ ਨੇ ਤਿੰਨ ਫ਼ਿਲਮਾਂ ਕੀਤੀਆਂ ਹਨ। ਕੇਨ ਨਾਲ ਉਹ ਖ਼ੂਬ ਘੁਲਿਆ ਮਿਲਿਆ ਹੈ। ਉਹ ਤਦ ਤੋਂ ਕੇਨ ਨੂੰ ਜਾਣਦਾ ਹੈ ਜਦ ਕੇਨ ਨਿਰਦੇਸ਼ਕ ਨਹੀਂ ਸੀ ਤੇ ਉਹ ਅਭਿਨੇਤਾ ਨਹੀਂ ਸੀ। ਸ਼ਾਹਿਦ ਕੇਨ ਨੂੰ ਨਿਰਦੇਸ਼ਕ ਨਹੀਂ ਦੋਸਤ ਕਹਿੰਦਾ ਹੈ। ਡੈਡੀ ਪੰਕਜ ਕਪੂਰ ਵੱਲੋਂ ਨਿਰਦੇਸ਼ਤ ਕੀਤੀ ਜਾ ਰਹੀ ਫ਼ਿਲਮ ਮੌਸਮ ਦੇ ਸਬੰਧ 'ਚ ਸ਼ਾਹਿਦ ਦਾ ਕਹਿਣਾ ਹੈ ਕਿ ਹਾਲੇ ਇਸ ਸਬੰਧੀ ਕਹਿਣਾ ਜਲਦਬਾਜ਼ੀ ਹੋਏਗੀ ਕਿਉਂਕਿ ਅਜੇ ਤਾਂ ਉਸ ਦੇ ਡੈਡੀ ਫ਼ਿਲਮ ਦੀ ਪਟਕਥਾ 'ਚ ਰੁੱਝੇ ਹੋਏ ਹਨ। ਜਦ ਇਹ ਪੂਰੀ ਹੋਏਗੀ ਤਦ ਹੀ ਉਹ ਇਸ ਫ਼ਿਲਮ ਲਈ ਆਪਣੇ-ਆਪ ਨੂੰ ਤਿਆਰ

ਕਰੇਗਾ ਕਿਉਂਕਿ ਇਹ ਫ਼ਿਲਮ ਉਸ ਦੇ ਡੈਡੀ ਦੀ ਹੋਏਗੀ। ਇਸ ਲਈ ਜ਼ਾਹਿਰ ਹੈ ਕਿ ਇਹ ਉਸ ਲਈ ਖਾਸੋ ਖਾਸ ਹੋਏਗੀ। ਸ਼ਾਹਿਦ ਦਾ ਮਨ ਹੈ ਕਿ ਜਦ ਵੀ ਡੈਡੀ ਕਹਿਣ ਤਦ ਹੀ ਉਨ੍ਹਾਂ ਦੀ ਫ਼ਿਲਮ ਲਈ ਉਹ ਹਾਜ਼ਿਰ ਹੋ ਕੇ ਆਪਣੇ-ਆਪ ਨੂੰ ਕਿਸਮਤ ਵਾਲਾ ਸਮਝੇ। ਸ਼ੁਰੂ ਤੋਂ ਹੀ ਉਹ ਸਾਦਾ ਰਿਹਾ ਹੈ ਇਸੇ ਲਈ ਮਹੂਤੀ ਹੋਣ ਦੇ ਬਾਵਜੂਦ ਉਹ ਆਟੋ ਰਿਕਸ਼ਾ 'ਤੇ ਵੀ ਜਾਂਦਾ ਰਿਹਾ ਹੈ।

ਆਪਣੀਆਂ ਅੱਖਾਂ ਅਤੇ ਕੰਨ ਖੋਲ੍ਹ ਕੇ ਰੱਖੋ

ਆਤੰਕਵਾਦ ਦੇ ਵਿਰੁੱਧ ਇਕੱਠੇ ਹੋਵੋ

ਪੂਣੇ ਵਿੱਚ 13 ਫ਼ਰਵਰੀ ਨੂੰ ਬੰਬ ਵਿਸਫੋਟ ਨਾਲ ਹੋਏ ਜਾਨ-ਮਾਲ ਦੇ ਨੁਕਸਾਨ ਦੇ ਕਾਰਨ ਇੱਕ ਵਾਰ ਫ਼ਿਰ ਸਾਨੂੰ ਜਨਤਕ ਸਥਾਨਾਂ ਅਤੇ ਭੀੜ੍ਹਭਾੜ ਵਾਲੇ ਸਥਾਨਾਂ ਖਾਸ ਕਰਕੇ ਦੁਕਾਨਾਂ, ਰੇਸਤੋਰਾਂ, ਮਾਲ, ਸਿਨਮਿਆਂ ਆਦਿ ਵਿੱਚ ਵਧੇਰੇ ਸਾਵਧਾਨ ਅਤੇ ਚੌਕਸ ਰਹਿਣ ਦੀ ਲੋੜ ਹੈ।

ਸਾਰੇ ਨਾਗਰਿਕਾਂ ਅਤੇ ਸੰਸਥਾਨਾਂ ਨੂੰ ਸਾਡੀ ਅਪੀਲ ਹੈ ਕਿ ਹੇਠ ਲਿਖੇ ਕਦਮ ਚੁੱਕਣ ਅਤੇ ਸੁਰੱਖਿਅਤ ਵਾਤਾਵਰਣ ਬਣਾਈ ਰੱਖਣ ਵਿੱਚ ਸਾਡੀ ਮਦਦ ਕਰਨ।

ਕੀ ਕਰੋ

- ਸਾਧਾਰਣ ਤਰੀਕੇ ਨਾਲ ਸਾਵਧਾਨੀ ਵਰਤੋਂ
- ਦਰਸ਼ਕਾਂ, ਗ੍ਰਾਹਕਾਂ ਅਤੇ ਉਨ੍ਹਾਂ ਦੇ ਥੈਲਿਆਂ ਆਦਿ ਦੀ ਤਲਾਸ਼ੀ ਲਵੋ
- ਸ਼ੱਕੀ ਵਿਅਅਤੀ ਜਾਂ ਗਤੀਵਿਧੀਆਂ 'ਤੇ ਨਜ਼ਰ ਰੱਖੋ
- ਕਿਸੀ ਪ੍ਰਕਾਰ ਦਾ ਸ਼ੱਕ ਹੋਣ 'ਤੇ ਪੁਲਿਸ ਨੂੰ ਸੂਚਿਤ ਕਰੋ
- ਬੱਚਿਆਂ ਨੂੰ ਚੌਕਸ ਰਹਿਣ ਲਈ ਆਖੋ
- ਸੀ. ਸੀ. ਟੀ. ਵੀ. ਲਗਵਾਓ

ਕੀ ਨਾ ਕਰੋ

- ਅਣਜਾਣ ਜਾਂ ਸ਼ੱਕੀ ਵਿਅਕਤੀ ਨੂੰ ਅੰਦਰ ਆਉਣ ਦੀ ਇਜ਼ਾਜਤ ਨਾ ਦਿਓ, ਉਸਨੂੰ ਆਪਣੀ ਪਹਿਚਾਣ ਦੱਸਣ ਲਈ ਕਹੋ
- ਕਿਸੀ ਅਣਜਾਣ ਵਿਅਕਤੀ ਤੋਂ ਕੋਈ ਪੈਕਟ ਨਾ ਲਵੋ
- ਕਿਸੀ ਲਾਵਾਰਿਸ ਥੈਲੇ, ਪੈਕਟ ਜਾਂ ਵਸਤੂ ਨੂੰ ਨਾ ਛੁਹੋ ਨਾ ਹੀ ਉਸਦੇ ਨੇੜੇ ਜਾਵੋ
- ਕਿਸੀ ਵੀ ਵਿਅਕਤੀ ਦੀ ਜਾਂਚ ਪੜਤਾਲ ਕਰਾਏ ਬਗੈਰ ਉਸਨੂੰ ਕੰਮ 'ਤੇ ਨਾ ਰੱਖੋ
- ਜਾਂਚ ਪੜਤਾਲ ਕਰਾਏ ਬਗੈਰ ਕਿਸੀ ਨੂੰ ਵੀ ਮਕਾਨ ਜਾਂ ਦੁਕਾਨ ਕਿਰਾਏ 'ਤੇ ਨਾ ਦੇਵੋ

davp 19101/13/0025/0910

ਗ੍ਰਹਿ ਮੰਤਰਾਲਾ, ਭਾਰਤ ਸਰਕਾਰ